ਗੁਰੂ ਨਾਨਕ - ਸਬਦ ੧੩

ਸੁਣਿਐ ਸਰਾ ਗੁਣਾ ਕੇ ਗਾਹ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੩

ਸੁਣਿਐ ਸਰਾ ਗੁਣਾ ਕੇ ਗਾਹ ॥
ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ॥
ਸੁਣਿਐ ਹਾਥ ਹੋਵੈ ਅਸਗਾਹੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੧੧॥

ਸਾਰ: ਅਚੇਤ ਤੌਰ 'ਤੇ, ਮਨੁੱਖੀ ਮਨ ਉਸ ਦੀ ਤਾਂਘ ਕਰਦਾ ਹੈ ਜੋ ਅਸੀਮ ਹੈ, ਅਤੇ ਮਦਹੋਸ਼ ਮਨ ਇਹ ਨਹੀਂ ਸਮਝਦਾ ਕਿ ਉਹ ਸਭਨੀ ਥਾਂਈ ਹੈ। ਜਾਗਰੂਕਤਾ ਉਦੋਂ ਵਿਗਸਦੀ ਹੈ ਜਦੋਂ ਗਿਆਨ ਦੀਆਂ ਰਿਸ਼ਮਾਂ, ਜੋ ਕੁਦਰਤ ਵਿੱਚ ਅਸੀਮ ਹਨ, ਏਕਤਾ ਦੀ ਸੱਚਾਈ ਨੂੰ ਉਜਾਗਰ ਕਰਦੀਆਂ ਹਨ।

ਸੁਣਿਐ ਸਰਾ ਗੁਣਾ ਕੇ ਗਾਹ ॥

ਕੁਦਰਤ ਦੀਆਂ ਤਿੰਨ ਸ਼ਕਤੀਆਂ ਦਾ ਨਿਰੀਖਣ ਕਿਰਿਆ (‘ਰਜੋ’), ਜੜਤਾ (‘ਤਮੋ’), ਅਤੇ ਸਹਿਜ (‘ਸਾਤਵਿਕ’) ਹੋਂਦ ਦੀ ਸੂਝ ਕਰਵਾਉਂਦਾ ਹੈ।

ਸੁਣਿਐ ਸੇਖ ਪੀਰ ਪਾਤਿਸਾਹ ॥

ਰੂਹਾਨੀ ਸਨਮਾਨਿਤ ਜੀਵਾਂ ਦੀ ਸੂਝ ਤੋਂ ਲਈ ਪ੍ਰੇਰਨਾ ਅਧਿਆਤਮਿਕ ਵਿਕਾਸ ਲਈ ਆਤਮ-ਪੜਚੋਲ ਦੇ ਸਬਕ ਨੂੰ ਪ੍ਰਗਟ ਕਰਦੀ ਹੈ।

ਸੁਣਿਐ ਅੰਧੇ ਪਾਵਹਿ ਰਾਹੁ ॥

ਚਿੰਤਨ ਉਹ ਰਹਿਨੁਮਾਈ ਸ਼ਕਤੀ ਹੈ ਜੋ ਅਗਿਆਨੀ ਨੂੰ ਪਰਿਵਰਤਨ ਦਾ ਰਾਹ ਦਿਖਾਉਂਦੀ ਹੈ।

ਸੁਣਿਐ ਹਾਥ ਹੋਵੈ ਅਸਗਾਹੁ ॥

ਅਸੀਮ ਰਚਨਾ ਦੇ ਫੈਲਾਅ ਉਪਰ ਧਿਆਨ ਕੇਂਦ੍ਰਤ ਕਰਕੇ, ਅਪ੍ਰਾਪਤ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਨਾਨਕ ਭਗਤਾ ਸਦਾ ਵਿਗਾਸੁ ॥
ਨਾਨਕ ਆਖਦੇ ਹਨ ਕਿ ਜੋ ਗਿਆਨ ਪ੍ਰਾਪਤ ਕਰਨ ਲਈ ਸਮਰਪਤ ਹਨ ਉਹ ਸਦਾ ਅਨੰਦਮਈ ਅਵਸਥਾ ਵਿੱਚ ਵਿਚਰਦੇ ਹਨ।

ਸੁਣਿਐ ਦੂਖ ਪਾਪ ਕਾ ਨਾਸੁ ॥੧੧॥
ਸਰੋਤਾ ਅਤੇ ਇੱਕ ਚਿੰਤਕ ਬਣਨ ਦੀ ਮਾਨਸਿਕਤਾ ਨੂੰ ਧਾਰਨ ਕਰਨ ਨਾਲ, ਮਾਰੂ ਵਿਚਾਰਾਂ ਦੀ ਪੀੜ ਦੂਰ ਹੋ ਜਾਂਦੀ ਹੈ। (੧੧)

ਤੱਤ: ਕੁਝ ਕਰਮ ਬੰਧਨ ਵਿਚ ਪਾਉਂਦੇ ਹਨ, ਅਤੇ ਕੁਝ ਮੁਕਤ ਕਰਦੇ ਹਨ, ਮਨ ਨੂੰ ਵਿਪਰੀਤਤਾ ਦੀ ਪੀੜ ਵਿਚ ਫਸਾਉਂਦੇ ਹਨ, ਜਿਵੇਂ ਕਿ ਖੁਸ਼ੀ ਅਤੇ ਗਮੀ, ਚੰਗਾ ਅਤੇ ਬੁਰਾ। ਇਹ ਦੁਬਿਧਾ ਪੂਰਨ ਏਕਤਾ ਦੇ ਹਿੱਸੇ ਵਿੱਚੋਂ ਸਵੈ ਦੀ ਦਿਵਯਤਾ ਦਾ ਗਿਆਨ ਪ੍ਰਾਪਤ ਕਰਕੇ ਸਹਿਜ ਵਿੱਚ ਰੁਪਾਂਤਰਣ ਹੋ ਜਾਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**